# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ : 29-10-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਸਰਕਾਰ, ਦੇਸ਼ ਦੇ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਏ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਕਿਹਾ ਕਿ ਸਰਕਾਰ ਨੇ ਸਾਲ 2025-26 ਦੀਆਂ ਹਾੜ੍ਹੀ ਦੀਆਂ ਫਸਲਾਂ ਲਈ ਫਾਸਫੋਰਸ ਅਤੇ ਪੋਟਾਸ਼ ਖਾਦਾਂ 'ਤੇ ਸਬਸਿਡੀ ਨੂੰ ਮਨਜ਼ੂਰੀ ਦੇ ਕੇ ਇੱਕ ਮਹੱਤਵਪੂਰਨ ਕਦਮ ਚੁੱਕਿਆ ਏ। ਪਹਿਲਾਂ ਕਲ੍ਹ ਕੇਂਦਰੀ ਮੰਤਰੀ ਮੰਡਲ ਨੇ ਹਾੜ੍ਹੀ ਰੁਤ 2025-26 ਲਈ ਫਾਸਫੋਰਸ ਅਤੇ ਪੋਟਾਸ਼ ਖਾਦਾਂ 'ਤੇ ਪੌਸ਼ਟਿਕਤਾ-ਅਧਾਰਤ ਸਬਸਿਡੀ ਦਰਾਂ ਨੂੰ ਮਨਜ਼ੂਰ ਕਰ ਦਿੱਤਾ ਏ.

-----------------------------------------------------

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅੱਜ ਹਰਿਆਣਾ ਦੇ ਅੰਬਾਲਾ ਦਾ ਦੌਰਾ ਕਰਨਗੇ ਅਤੇ ਰਾਫੇਲ ਹਵਾਈ ਜਹਾਜ਼ ਵਿੱਚ ਉਡਾਣ ਭਰਨਗੇ। ਉਨ੍ਹਾਂ ਨੇ ਪਿਛਲੀ ਵਾਰ ਅਪ੍ਰੈਲ 2023 ਵਿੱਚ ਅਸਾਮ ਦੇ ਤੇਜਪੁਰ ਏਅਰ ਫੋਰਸ

ਸਟੇਸ਼ਨ 'ਤੇ ਸੁਖੋਈ 30 MKI ਜੰਗੀ ਹਵਾਈ ਜਹਾਜ਼ ਵਿੱਚ ਉਡਾਣ ਭਰੀ ਸੀ।

-----------------------------------------------------

ਪੰਜਾਬ ਮੰਤਰੀ ਮੰਡਲ ਨੇ ਪੰਜਾਬ ਏਕੀਕ੍ਰਿਤ ਇਮਾਰਤ ਨੇਮਾਂ, 2025 ਨੂੰ ਪ੍ਰਵਾਨਗੀ ਦੇ ਦਿੱਤੀ ਏ ਜਿਸ ਤਹਿਤ ਸ਼ਹਿਰੀ ਇਲਾਕਿਆਂ ਵਿੱਚ ਬਣਨ ਵਾਲੇ ਸਾਰੇ ਨਵੇਂ ਰਿਹਾਇਸ਼ੀ ਖੇਤਰਾਂ ਵਿੱਚ ਸਟੀਲਟ-ਅਤੇ ਚਾਰ ਮੰਜ਼ਿਲਾਂ ਦੀ ਉਸਾਰੀ ਦੀ ਆਗਿਆ ਹੋਏਗੀ. ਇਸ ਸਬੰਧੀ ਫੈਸਲਾ ਕੱਲ੍ਹ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ। ਮੁੱਖ - ਮੰਤਰੀ ਦਫ਼ਤਰ ਦੇ ਇੱਕ ਬੁਲਾਰੇ ਨੇ ਖੁਲਾਸਾ ਕੀਤਾ ਕਿ ਇਸ ਕਾਨੂੰਨ  ਦਾ ਉਦੇਸ਼ ਪੰਜਾਬ ਭਰ ਵਿੱਚ ਉਸਾਰੀ ਅਤੇ ਵਿਕਾਸ ਗਤੀਵਿਧੀਆਂ ਨੂੰ ਕੰਟ੍ਰੋਲ ਕਰਨ ਵਾਲਾ ਇੱਕ ਵਿਆਪਕ ਅਤੇ ਇਕਸਾਰ ਨੇਮ੍ਬ੍ਧੀ ਢਾਂਚਾ ਪੇਸ਼ ਕਰਨਾ ਏ । ਮੰਤਰੀ ਮੰਡਲ ਨੇ ਪੰਜਾਬ ਭਰ ਵਿੱਚ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਦੀ ਨੇਮ੍ਬ੍ਧੀ ਨੂੰ ਮਜ਼ਬੂਤ ਕਰਨ ਲਈ ਮੌਜੂਦਾ 2011 ਨੇਮਾਂ ਅਤੇ ਪਹਿਲੀ ਸੋਧ ਨੇਮਾਂ, 2020 ਦੀ ਥਾਂ 'ਤੇ ਪੰਜਾਬ ਨਸ਼ਿਆਂ ਦੀ ਵਰਤੋਂ ਦੇ ਵਿਕਾਰ, ਇਲਾਜ ਅਤੇ ਸਲਾਹ ਅਤੇ ਮੁੜ ਵਸੇਬਾ ਕੇਂਦਰ ਨੇਮ, 2025 ਨੂੰ ਵੀ ਆਪਣੀ ਸਹਿਮਤੀ ਦੇ ਦਿੱਤੀ। ਇਹ ਨੇਮ 2011 ਦੇ ਨੇਮਾਂ ਅਤੇ 2020 ਵਿੱਚ ਹੋਈਆਂ ਸੋਧਾਂ ਵਿੱਚ ਖਾਮੀਆਂ ਨੂੰ ਦੂਰ ਕਰਕੇ 36 ਸਰਕਾਰੀ ਅਤੇ 177

ਲਾਇਸੰਸਸ਼ੁਦਾ ਨਿੱਜੀ ਨਸ਼ਾ ਛੁਡਾਊ ਕੇਂਦਰਾਂ ਨੂੰ ਨੇਮਬਧ ਕਰਦੇ ਨੇ. ਮੰਤਰੀ ਮੰਡਲ ਨੇ ਜ਼ਿਲ੍ਹਿਆਂ ਵਿੱਚ ਖੇਡ ਮੈਡੀਕਲ ਸਹਾਇਤਾ ਸਿਲਸਿਲੇ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਪੋਰਟਸ ਮੈਡੀਕਲ ਕੇਡਰ ਵਿੱਚ ਖੇਡ ਵਿਭਾਗ ਵਿੱਚ 100 ਅਸਾਮੀਆਂ ਭਰਨ ਦਾ ਫੈਸਲਾ ਵੀ ਕੀਤਾ ਏ। -----
--------------------------------------------------------

ਬੱਚਿਆਂ ਨੂੰ ਵੱਧ ਰਹੇ ਔਨਲਾਈਨ ਖਤਰਿਆਂ ਤੋਂ ਬਚਾਉਣ ਅਤੇ ਉਨ੍ਹਾਂ ਦੀ ਡਿਜੀਟਲ ਭਲਾਈ ਨੂੰ ਯਕੀਨੀ ਬਣਾਉਣ ਲਈ, ਪੰਜਾਬ ਪੁਲਿਸ ਦੇ ਸਾਈਬਰ ਅਪਰਾਧ ਡਿਵੀਜ਼ਨ ਨੇ ਇੱਕ ਪ੍ਰਮੁੱਖ ਰਾਜ ਵਿਆਪੀ ਪ੍ਰੋਗਰਾਮ 'ਸਾਈਬਰ ਜਾਗੋ' ਸ਼ੁਰੂ ਕੀਤਾ ਏ, ਜੋ ਕਿ ਪੰਜਾਬ ਭਰ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਇੰਟਰਨੈੱਟ ਸੁਰੱਖਿਆ ਅਤੇ ਸੁਰੱਖਿਅਤ ਔਨਲਾਈਨ ਵਰਤੋਂ ਬਾਰੇ ਜਾਗਰੂਕਤਾ ਫੈਲਾਉਣ ਲਈ ਏ। ਰਾਜ ਦੇ ਪੁਲਿਸ ਦੇ ਵਿਸ਼ੇਸ਼ ਡਾਇਰੈਕਟਰ ਜਨਰਲ, ਸਾਈਬਰ ਅਪਰਾਧ, ਸ਼੍ਰੀਮਤੀ ਵੀ. ਨੀਰਜਾ ਨੇ ਕਿਹਾ ਕਿ ਡਿਜੀਟਲ ਸਮੱਗਰੀ ਦੀ ਵਿਆਪਕ ਉਪਲਬਧਤਾ ਅਤੇ ਅਣਉਚਿਤ ਸਮੱਗਰੀ ਅਤੇ ਸਾਈਬਰ ਖਤਰਿਆਂ ਦੇ ਵਧਦੇ ਸੰਪਰਕ ਨੂੰ ਸਮੂਹਿਕ ਤੌਰ ‘ਤੇ ਅਤੇ ਫੌਰਨ ਹੱਲ ਕਰਨ ਦੀ ਲੋੜ ਏ।

ਉਨ੍ਹਾਂ ਕਿਹਾ ਕਿ ਅਗਲੀ ਪੀੜ੍ਹੀ ਦੇ ਸਰਪ੍ਰਸਤ ਹੋਣ ਦੇ ਨਾਤੇ, ਸਾਨੂੰ ਇਨ੍ਹਾਂ ਖਤਰਿਆਂ ਨੂੰ ਸਮਝਣਾ ਚਾਹੀਦਾ ਏ ਅਤੇ ਬੱਚਿਆਂ ਨੂੰ ਔਨਲਾਈਨ ਖਤਰਿਆਂ ਤੋਂ ਬਚਾਉਣ ਲਈ ਸਰਗਰਮ ਕਦਮ ਚੁੱਕਣੇ ਚਾਹੀਦੇ ਨੇ. ਅਧਿਆਪਕਾਂ ਅਤੇ ਮਾਪਿਆਂ ਨੂੰ ਔਨਲਾਈਨ ਸੁਰੱਖਿਆ ਬਾਰੇ ਬੱਚਿਆਂ ਨਾਲ ਖੁੱਲ੍ਹ ਕੇ ਗੱਲਬਾਤ ਕਰਨੀ ਚਾਹੀਦੀ ਏ ਅਤੇ ਔਨਲਾਈਨ ਖਤਰਿਆਂ 'ਤੇ ਗੱਲਬਾਤ ਸ਼ੁਰੂ ਹੋਣੀ ਚਾਹੀਦੀ ਏ।

-----------------------------------------------------

ਜਲੰਧਰ'ਚ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਠੋਸ ਉਪਰਾਲਿਆਂ ਸਦਕਾ, ਇਸ ਸਾਲ ਫ਼ਸਲਾਂ ਦੀ ਰਹਿੰਦ-ਖੂਹੰਦ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਿੱਚ ਭਾਰੀ ਗਿਰਾਵਟ ਆਈ ਏ। ਇਸ ਸਾਲ 15 ਸਤੰਬਰ ਤੋਂ ਲੈ ਕੇ 26 ਅਕਤੂਬਰ ਤੱਕ ਪਰਾਲੀ ਨੂੰ ਅੱਗ ਲਗਾਉਣ ਦੇ ਸਿਰਫ 13 ਮਾਮਲੇ ਸਾਹਮਣੇ ਆਏ ਨੇ , ਜਦਕਿ ਸਾਲ 2021 ਵਿੱਚ ਅਜਿਹੇ 275 ਮਾਮਲੇ ਦਰਜ ਕੀਤੇ ਗਏ ਸਨ।

-----------------------------------------------------

ਜਲੰਧਰ ਤੋਂ ਨਮਿਤਬੀਰ ਸਿੰਘ ਵਾਲੀਆ ਨੇ ਹਾਲ ਹੀ ਵਿੱਚ ਫਰਾਂਸ ਵਿੱਚ ਹੋਏ ਤੀਜੇ ਐਨੇਮਾਸੇ ਅੰਤਰਰਾਸ਼ਟਰੀ ਮਾਸਟਰਜ਼ ਟੂਰਨਾਮੈਂਟ ਵਿੱਚ ਚੌਥਾ ਸਥਾਨ ਹਾਸਿਲ ਕੀਤਾ ਤੇ ਓਹ ਸ਼ਤਰੰਜ ਵਿੱਚ ਅੰਤਰਰਾਸ਼ਟਰੀ

ਮਾਸਟਰ (IM) ਬਣ ਗਿਆ ਏ। ਨਮਿਤਬੀਰ ਦੇ ਕੋਚ ਕੰਵਰਜੀਤ ਸਿੰਘ ਨੇ ਸਾਡੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਸਨੇ ਛੇ ਸਾਲ ਦੀ ਉਮਰ ਵਿੱਚ ਸ਼ਤਰੰਜ ਖੇਡਣਾ ਸ਼ੁਰੂ ਕਰ ਦਿੱਤਾ ਸੀ. ਉਸਨੇ 2012 ਵਿੱਚ ਸੱਤ ਸਾਲ ਦੀ ਉਮਰ ਤੋਂ ਕੋਚਿੰਗ ਲੈਣੀ ਸ਼ੁਰੂ ਕੀਤੀ ਸੀ ਅਤੇ 7 ਸਾਲ ਤੋਂ ਘੱਟ ਉਮਰ ਦੇ ਵਰਗ ਵਿੱਚ ਵੀ ਖੇਡਿਆ। ਉਹ ਕੈਂਬਰਿਜ ਇੰਟਰਨੈਸ਼ਨਲ ਕੋ-ਐਡ ਸਕੂਲ, ਜਲੰਧਰ ਦਾ ਵਿਦਿਆਰਥੀ ਸੀ। ਉਸਦੇ ਮਾਤਾ – ਪਿਤਾ, ਅਰਵਿੰਦਰ ਪਾਲ ਸਿੰਘ ਅਤੇ ਸਤਵਿੰਦਰ ਕੋਰ ਵਾਲੀਆ ਬੇਹਦ ਖੁਸ਼ ਨੇ ਅਤੇ ਆਪਣੇ ਪੁੱਤਰ ਦੀ ਘਰ ਵਾਪਸੀ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਨੇ. ਦਿੱਲੀ ਦੇ ਸ਼੍ਰੀ ਰਾਮ ਕਾਲਜ ਆਫ਼ ਕਾਮਰਸ ਦੇ ਵਿਦਿਆਰਥੀ, ਨਮਿਤਬੀਰ ਸਿੰਘ ਦੇ ਸ਼ਤਰੰਜ ਰਿਕਾਰਡ ਵਿੱਚ ਇਸ ਸਾਲ ਸੀਨੀਅਰ ਸਟੇਟ ਫਿਡੇ ਰੇਟਿੰਗ ਓਪਨ ਸ਼ਤਰੰਜ ਚੈਂਪੀਅਨਸ਼ਿਪ ਸ਼ਾਮਲ ਏ। ਉਹ ਮੁੱਖ ਅੰਤਰਰਾਸ਼ਟਰੀ ਸ਼ਤਰੰਜ ਮੁਕਾਬਲਿਆਂ ਵਿੱਚ ਸਰਗਰਮ ਰਹਿੰਦਾ ਏ। ਫਰਵਰੀ 2022 ਵਿੱਚ ਪੰਜਾਬ ਦੇ ਪਹਿਲੇ ਅੰਤਰਰਾਸ਼ਟਰੀ ਮਾਸਟਰ ਵਜੋਂ ਇਤਿਹਾਸ ਰਚਣ ਵਾਲੇ ਦੁਸ਼ਯੰਤ ਸ਼ਰਮਾ ਦੇ ਲਗਭਗ ਚਾਰ ਸਾਲਾਂ ਬਾਅਦ ਨਮਿਤਬੀਰ ਇਹ ਉਪਲਬਧੀ ਹਾਸਲ ਕਰਨ ਵਾਲਾ ਪੰਜਾਬ ਦਾ ਦੂਜਾ ਖਿਡਾਰੀ ਏ। ਉਸਨੂੰ ਸ਼ੁਰੂ ਵਿੱਚ ਕੰਵਰਜੀਤ ਸਿੰਘ ਵਲੋਂ ਕੋਚਿੰਗ ਵੀ ਦਿੱਤੀ ਗਈ ਸੀ।

----------------------------------------------------

ਜਲੰਧਰ ਦੇ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਖੇਡੇ ਜਾ ਰਹੇ 42ਵੇਂ ਇੰਡੀਅਨ ਆਾਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ'ਚ ਅੱਜ ਇੰਡੀਅਨ ਨੇਵੀ ਮੁੰਬਈ ਦਾ ਮੁਕਾਬਲਾ ਸ਼ਾਮ ਸਾਢੇ 4 ਵਜੇ ਇੰਡੀਅਨ ਏਅਰ ਫੋਰਸ ਦਿੱਲੀ ਨਾਲ ਹੋਏਗਾ.ਭਾਰਤੀ ਰੇਲਵੇ ਦਿੱਲੀ ਅਤੇ ਬੀਐਸਐਫ ਜਲੰਧਰ ਦਰਮਿਆਨ ਮੈਚ ਸ਼ਾਮ 6 ਵਜ ਕੇ 15 ਮਿੰਟ 'ਤੇ ਖੇਡਿਆ ਜਾਏਗਾ. ਪਹਿਲਾਂ ਕਲ੍ਹ ਪਹਿਲੇ  ਲੀਗ ਮੈਚ  ਵਿੱਚ ਭਾਰਤ ਪੈਟਰੋਲੀਅਮ ਮੁੰਬਈ ਨੇ ਕੈਗ ਦਿੱਲੀ ਉਤੇ 2-0 ਨਾਲ ਜਿੱਤ ਹਾਸਿਲ ਕਰਦਿਆਂ ਕੁਆਰਟਰ ਫਾਇਨਲ 'ਚ ਥਾਂ ਬਣਾਈ. ਦੂਜੇ ਲੀਗ ਮੈਚ ਵਿਚ ਇੰਡੀਅਨ ਨੇਵੀ ਮੁੰਬਈ ਨੇ ਇੰਡੀਅਨ ਆਇਲ ਮੁੰਬਈ ਨੂੰ 2 – 1 ਨਾਲ ਹਰਾ ਕੇ ਕਵਾਰਟਰ ਫਾਇਨਲ ਵਿੱਚ ਥਾਂ ਬਣਾਈ.

-------------------------------------------------------